# ਕਰੁ ਗਹਿ ਲੀਨੀ ਸਾਜਨਹਿ

## ਸਲੋਕ ॥

## ਸਰਧਾ ਲਾਗੀ ਸੰਗਿ ਪ੍ਰੀਤਮੈ ਇਕੁ ਤਿਲੁ ਰਹਣੁ ਨ ਜਾਇ॥

ਇਹ ਸਲੋਕ, ਸ੍ਰੀ ਗੁਰੂ ਅਰਜਨ ਸਾਹਿਬ ਦਾ ਉਚਾਰਣ ਕੀਤਾ, 'ਰੁਤੀ' ਬਾਣੀ ਦਾ ਇਹ ਚੌਥਾ ਸਲੋਕ ਹੈ। ਇਹ ਪੰਨਾ ੯੨੮ ਤੇ ਸੁਭਾਇਮਾਨ ਹੈ।

-- ਇਸ ਪੰਕਤੀ ਵਿਚ ਮਹਾਰਾਜ ਦੇ ਬਚਨ ਹਨ ਕਿ ਜੀਵ ਰੂਪੀ ਇਸਤਰੀ ਦੀ, ਪਤੀ ਪਰਮਾਤਮਾ ਦੀ ਬੇਅੰਤ ਵਡਿਆਈ, ਪ੍ਰਤਾਪ ਅਤੇ ਪ੍ਰੇਮ ਵੇਖ ਕੇ, ਉਸ ਪ੍ਰੀਤਮ ਪ੍ਰਤੀ ਸ਼ਰਧਾ ਬਣ ਗਈ ਹੈ। ਸ਼ਰਧਾ ਇਤਨੀ ਵਧ ਗਈ ਹੈ ਕਿ ਉਸ ਤੋਂ ਬਿਨਾਂ, ਤਿਲ ਜਿਨਾਂ ਸਮਾਂ ਵੀ ਨਹੀਂ ਰਿਹਾ ਜਾਂਦਾ।

ਪਾਤਸ਼ਾਹ, ਪੰਨਾ ੯੨੮ ਤੇ ਭਗਤ ਜੀਵ ਇਸਤਰੀ ਦੀ ਅਵਸਥਾ ਬਿਆਨ ਕਰਦੇ ਹਨ ਕਿ ਪ੍ਰਭੁ ਪਤੀ ਨੂੰ ਮਿਲੇ ਬਿਨਾਂ ਮਨ ਵਿਚ ਸ਼ਾਤੀ ਹੀ ਨਹੀਂ ਆਉਂਦੀ ਅਤੇ ਤਿਲ ਜਿਨਾਂ ਸਮਾਂ ਵੀ ਰਹਿ ਨਹੀਂ ਹੁੰਦਾ, ਜਿਸ ਕਰਕੇ ਮੈਂ, ਇਹੀ ਆਸ ਰਖ ਕੇ, ਸਾਧ ਜਨਾਂ ਦੀ ਸ਼ਰਣ ਲਈ ਹੈ - 'ਬਿਨੁ ਮਿਲਬੇ ਸਾਂਤਿ ਨ ਊਪਜੈ ਤਿਲੁ ਪਲੁ ਰਹਣੁ ਨ ਜਾਇ॥ ਹਰਿ ਸਾਧਹ ਸਰਣਾਗਤੀ ਨਾਨਕ ਆਸ ਪੁਜਾਇ॥', ਕਿਉਂਕਿ ਸਾਧੂ ਦੀ ਸ਼ਰਣ ਲਏ ਬਿਨਾਂ ਪ੍ਰਭੂ ਦੀ ਪ੍ਰਾਪਤੀ ਨਹੀਂ ਹੋ ਸਕਦੀ।

## ਮਨ ਤਨ ਅੰਤਰਿ ਰਵਿ ਰਹੇ ਨਾਨਕ ਸਹਜਿ ਸੁਭਾਇ॥੧॥

-- ਮੇਰੇ, ਜੀਵ ਇਸਤਰੀ ਦੇ ਮਨ ਵਿਚ ਉਹ ਸਮਾ ਕੇ, ਪ੍ਰੇਮ ਦੇ ਰਿਹਾ ਹੈ ਅਤੇ ਇਹ ਸਭ, ਬਿਨ੍ਹਾਂ ਕਿਸੇ ਉਚੇਚ ਦੇ, ਲਗਾਤਾਰ ਚਲ ਰਿਹਾ ਹੈ।੧।

ਸ੍ਰੀ ਗੁਰੂ ਨਾਨਕ ਸਾਹਿਬ, ਪੰਨਾ ੪੩੩ ਤੇ, ਬਚਨ ਕਰਦੇ ਹਨ, ਜਿਸਦੇ ਅੰਦਰ ਪ੍ਰਭੂ ਪਰਗਟ ਹੋ ਜਾਂਦਾ ਹੈ ਉਸੇ ਦਾ ਹੀ, ਹਿਰਦੇ ਦੇ ਅੰਦਰ, ਪ੍ਰਭੂ ਦਾ ਗੁਣ ਗਾਨ ਸ਼ੁਰੂ ਹੋ ਜਾਂਦਾ ਹੈ, ਭਾਵ, ਉਸ ਦਾ ਸਿਮਰਨ ਚਲ ਪੈਂਦਾ ਹੈ। ਜਿਸ ਨੂੰ, ਪ੍ਰਭੂ, ਇਸ ਤਰ੍ਹਾਂ ਆਪਣੇ ਨਾਲ ਮਿਲਾ ਲੈਂਦਾ ਹੈ, ਉਸ ਦਾ ਜਨਮ ਮਰਨ ਦੇ ਗੇੜ ਤੋਂ ਛੁਟਕਾਰਾ ਹੋ ਜਾਂਦਾ ਹੈ - 'ਣਾਣੈ ਰਵਤ ਰਹੈ ਘਟ ਅੰਤਰਿ ਹਰਿ ਗੁਣ ਗਾਵੈ ਸੋਈ॥ ਆਪੇ ਆਪਿ ਮਿਲਾਏ ਕਰਤਾ ਪੁਨਰਪਿ ਜਨਮੁ ਨ ਹੋਈ॥' ਹੋਰ ਫ਼ੁਰਮਾਣ ਕਰਦੇ ਹਨ ਕਿ ਜਿਸ ਦੇ ਹਿਰਦੇ ਵਿਚ ਅਤੇ ਤਨ ਵਿਚ, ਉਹ ਦੁਨੀਆਂ

ਦਾ ਜੀਵਨ, ਦਾਤਾ, ਰਾਮ, ਪ੍ਰੇਮ ਰੂਪ ਵਿਚ ਆ ਵਸਦਾ, ਉਸ ਦਾ ਮਨ ਹਮੇਸ਼ਾਂ ਪ੍ਰਭੂ ਪ੍ਰੇਮ ਵਿਚ ਰੰਗਿਆ ਰਹਿੰਦਾ ਹੈ ਅਤੇ ਉਹ ਸਹਿਜੇ ਹੀ, ਪ੍ਰਭੂ ਦੇ ਮੇਲਿਆਂ, ਉਸ ਵਿਚ ਮਿਲ ਜਾਂਦਾ ਹੈ - 'ਮਨਿ ਤਨਿ ਰਵਿ ਰਹਿਆ ਜਗਜੀਵਨੋ ਦਾਤਾ ਰਾਮ।। ਜਗਜੀਵਨੁ ਦਾਤਾ ਹਰਿ ਮਨਿ ਰਾਤਾ ਸਹਿਜ ਮਿਲੈ ਮੇਲਾਇਆ।।'

**ਕਰੁ ਗਹਿ ਲੀਨੀ ਸਾਜਨਹਿ ਜਨਮ ਜਨਮ ਕੇ ਮੀਤ।।**

-- ਮੇਰੇ ਉਸ ਸਾਜਨ ਪਤੀ ਨੇ ਮੇਰਾ ਹਥ ਫੜ੍ਹ ਕੇ, ਖਿਚ ਕੇ ਆਪਣਾ ਬਣਾ ਲਿਆ ਹੈ, ਉਹੀ ਮੇਰਾ ਜਨਮ ਜਨਮ ਦਾ ਮੀਤ ਹੈ ਪਤੀ ਹੈ।

ਪੰਜਵੇਂ ਪਾਤਸ਼ਾਹ ਹੀ, ਪੰਨਾ ੫੪੪ ਤੇ, ਫ਼ੁਰਮਾਣ ਕਰਦੇ ਹਨ ਕਿ ਮੇਰੇ ਪ੍ਰਭੂ ਪਤੀ ਨੇ ਮੈਨੂੰ ਬਾਂਹ ਤੋਂ ਫੜ੍ਹ ਕੇ, ਖਿਚ ਕੇ, ਪ੍ਰੇਮ ਨਾਲ ਆਪਣਾ ਬਣਾ ਲਿਆ ਹੈ ਅਤੇ ਮੈਂ ਉਸ, ਸਦਾ ਥਿਰ ਰਹਿਣ ਵਾਲੇ ਪ੍ਰੀਤਮ ਦੇ ਪ੍ਰੇਮ ਵਿਚ ਗਹਿ-ਗਚ ਹੋ ਗਈ ਹਾਂ, ਭਾਵ, ਮੇਰੇ ਅੰਦਰ ਉਸ ਦੇ ਨਾਮ ਦਾ, ਸਿਮਰਣ ਦਾ ਪ੍ਰਵਾਹ ਚਲ ਪਿਆ ਹੈ - 'ਗਹਿ ਭੁਜਾ ਲੀਨੑੀ ਪ੍ਰੇਮ ਭੀਨੀ ਮਿਲਨੁ ਪ੍ਰੀਤਮ ਸਚ ਮਗਾ।।' ਅਗੋਂ, ਪਾਤਸ਼ਾਹ ਬੇਨਤੀ ਕਰਦੇ ਹਨ ਕਿ ਮੇਰੇ ਤੇ ਕਿਰਪਾ ਕਰੋ ਤਾਂ ਕਿ ਹੁਣ ਮੈਂ ਸਦਾ ਹੀ ਤੁਹਾਡੇ ਚਰਨਾਂ ਨਾਲ ਲਗੀ ਰਹਾਂ - 'ਬਿਨਵੰਤ ਨਾਨਕ ਧਾਰਿ ਕਿਰਪਾ ਰਹਉ ਚਰਣਹ ਸੰਗਿ ਲਗਾ।।'

ਭਗਤ ਕਬੀਰ ਜੀ ਨੇ ਵੀ ਆਪਣੇ ਪਿਛਲੇ ਜਨਮਾਂ ਦੇ ਵਿਚ ਵੀ ਪ੍ਰਭੂ ਸੇਵਕ ਹੋਣ ਬਾਰੇ ਦਸਿਆ ਹੈ ਅਤੇ ਇਹ ਵੀ ਦਸਿਆ ਹੈ ਕਿ ਹੁਣ ਤਾਂ ਉਹ ਪ੍ਰਭੂ ਨੂੰ ਛਡ ਨਹੀਂ ਸਕਦੇ, ਭਾਵ, ਉਸ ਤੋਂ ਬਿਨਾਂ ਰਹਿ ਨਹੀਂ ਸਕਦੇ - 'ਪੂਰਬ ਜਨਮ ਹਮ ਤੁਮਰੇ ਸੇਵਕ ਅਬ ਤਉ ਮਿਟਿਆ ਨ ਜਾਈ।।', ਪੰਨਾ ੯੭੦.

**ਚਰਨਹ ਦਾਸੀ ਕਰਿ ਲਈ ਨਾਨਕ ਪ੍ਰਭ ਹਿਤ ਚੀਤ।।੨।।**

-- ਪੰਜਵੇਂ ਨਾਨਕ ਫ਼ੁਰਮਾਣ ਕਰਦੇ ਹਨ ਕਿ ਮੇਰੇ ਹਿਤ, ਮੇਰੇ ਭਲੇ ਨੂੰ ਚਿਤਾਰ ਕੇ, ਮੈਨੂੰ ਮੇਰੇ ਪਤੀ ਨੇ ਆਪਣੇ ਚਰਨਾਂ ਦੀ ਦਾਸੀ ਬਣਾ ਲਿਆ ਹੈ।੨।

ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਜਦੋਂ ਉਸ ਪ੍ਰਭੂ ਨੇ ਮੈਨੂੰ ਮੇਰੀ ਬਾਂਹ ਤੋਂ ਖਿਚ ਕੇ ਆਪਣੀ ਦਾਸੀ ਬਣਾ ਲਿਆ ਤਾਂ ਮੇਰੇ ਅੰਦਰ ਗਿਆਨ ਦਾ ਅੰਕੁਰ ਫੁਟਿਆ ਜਣਾ ਦਿਤਾ, ਮੈਨੂੰ ਅਹਿਸਾਸ ਹੋ ਗਿਆ, ਅੰਦਰ ਚਾਨਣ ਦਿਸ ਪਿਆ - 'ਗਹਿ

ਭੁਜਾ ਲੀਨ੍ਹੀ ਦਾਸਿ ਕੀਨ੍ਹੀ ਅੰਕੁਰਿ ਉਦੋਤੁ ਜਣਾਇਆ।।', ਪੰਨਾ ੮੪੬. ਪੰਨਾ ੧੧੨੧ ਤੇ ਵੀ ਫ਼ੁਰਮਾਣ ਕਰਦੇ ਹਨ ਕਿ ਜਦੋਂ ਮੈਂ ਆਪਣੇ ਮੁਖ ਤੇ ਸੰਤ ਜਨ ਦੀ ਧੂੜ ਲੈ ਕੇ ਮਲ ਲਈ ਤਾਂ ਪ੍ਰਭੂ ਨੇ ਆਪਣੇ ਦਾਸ ਨੂੰ ਬਾਹੋਂ ਫੜ੍ਹ ਕੇ ਖਿਚ ਲਿਆ ਅਤੇ ਮੇਰੀ ਆਤਮਾ ਉਸ ਦੇ ਆਪਣੇ ਨੂਰ ਅੰਦਰ ਸਮਾ ਗਈ - 'ਸੰਤਹ ਧੂਰਿ ਲੇ ਮੁਖਿ ਮਲੀ।।..ਗਹਿ ਭੁਜਾ ਲੀਨੋ ਦਾਸੁ ਅਪਨੋ ਜੋਤੀ ਜੋਤਿ ਰਲੀ।।'



10.9.2020